I/28071/2020

1*ਜਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ।

ਆਰ.ਵੈਂਕਟ ਰਤਨਮ, ਪ੍ਰਮੁੱਖ ਸਕੱਤਰ, ਜੇਲ ਵਿਭਾਗ, ਪੰਜਾਬ ਵਲੋਂ ਅਧਿਕਾਰੀਆਂ ਨਾਲ ਮੀਟਿੰਗ-ਕੋਵਿਡ-19 ਅਤੇ ਕਣਕ ਦੀ ਖਰੀਦ ਪ੍ਰਬੰਧਾਂ ਸਬੰਧੀ ਲਈ ਜਾਣਕਾਰੀ

ਪ੍ਰਮੁੱਖ ਸਕੱਤਰ ਵਲੋਂ ਕੋਵਿਡ-19 ਸਬੰਧੀ ਕੀਤੇ ਗਏ ਪੁਖਤਾ ਪ੍ਰਬੰਧਾਂ ਅਤੇ ਕਣਕ ਦੀ ਖਰੀਦ ਪ੍ਰਕ੍ਰਿਆ 'ਤੇ ਪ੍ਰਗਟਾਈ ਤਸੱਲੀ

ਗੁਰਦਾਸਪੁਰ, 27 ਮਈ ( ) ਸ੍ਰੀ ਆਰ. ਵੈਂਕਟ ਰਤਨਮ, ਪ੍ਰਮੁੱਖ ਸਕੱਤਰ, ਜੇਲ ਵਿਭਾਗ, ਪੰਜਾਬ ਵਲੋਂ ਜ਼ਿਲੇ ਅੰਦਰ ਕੋਵਿਡ-19 ਸਬੰਧੀ ਕੀਤੇ ਗਏ ਪ੍ਰਬੰਧਾਂ ਅਤੇ ਕਣਕ ਦੀ ਹੋਈ ਖਰੀਦ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਗਈ। ਇਸ ਮੌਕੇ ਉਨ•ਾਂ ਦੇ ਨਾਲ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ, ਸ੍ਰੀ ਸਵਰਨਦੀਪ ਸਿੰਘ ਐਸ.ਐਸ.ਪੀ ਗੁਰਦਾਸਪੁਰ, ਉਪਿੰਦਰਜੀਤ ਸਿੰਘ ਘੁੰਮਣ ਐਸ.ਐਸ.ਪੀ ਬਟਾਲਾ, ਤੇਜਿੰਦਰਪਾਲ ਸਿੰਘ ਸੰਧੂ ਵਧੀਕ ਡਿਪਟੀ ਕਮਿਸ਼ਨਰ (ਜ), ਸਕੱਤਰ ਸਿੰਘ ਬੱਲ ਐਸ.ਡੀ.ਐਮ ਗੁਰਦਾਸਪੁਰ, ਰਮਨ ਕੋਛੜ ਐਸ.ਡੀ.ਐਮ ਦੀਨਾਨਗਰ, ਗੁਰਸਿਮਰਨ ਸਿੰਘ ਢਿੱਲੋਂ ਐਸ.ਡੀ.ਐਮ ਡੇਰਾ ਬਾਬਾ ਨਾਨਕ, ਬਲਵਿੰਦਰ ਸਿੰਘ ਐਸ.ਡੀ.ਐਮ ਬਟਾਲਾ, ਮੈਡਮ ਅਮਨਦੀਪ ਕੋਰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਡਾ. ਕਿਸ਼ਨ ਚੰਦ ਸਿਵਲ ਸਰਜਨ ਅਤੇ ਡਾ. ਅੰਕੁਰ ਵੀ ਮੋਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵਲੋਂ ਪ੍ਰਮੁੱਖ ਸਕੱਤਰ ਸ੍ਰੀ ਰਤਨਮ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜ਼ਿਲੇ ਅੰਦਰ ਕੋਵਿਡ-19 ਸਬੰਧੀ ਪੁਖਤਾ ਪ੍ਰਬੰਧ ਕੀਤੇ ਗਏ ਹਨ। ਜਿਲਾ ਪ੍ਰਸ਼ਾਸਨ ਵਲੋਂ ਕੋਵਿਡ-19 ਨਾਲ ਨਜਿੱਠਣ ਲਈ ਗੁਰਦਾਸਪੁਰ ਅਤੇ ਬਟਾਲਾ ਦੇ ਵੱਖ-ਵੱਖ ਸਥਾਨਾਂ ਵਿਚ 1420 ਬੈੱਡ, 800 ਬੈੱਡ ਜਿਲੇ ਦੀਆਂ ਵੱਖ-ਵੱਖ ਸੰਸਥਾਵਾਂ ਵਿਚ ਅਤੇ ਆਰਮੀ ਨਾਲ ਤਾਲਮੇਲ ਕਰਕੇ ਉਥੇ ਵੀ 1000 ਬੈੱਡ ਦੀ ਸਹੂਲਤ ਦੇ ਪ੍ਰਬੰਧ ਕੀਤੇ ਗਏ ਹਨ। ਉਨਾਂ ਅੱਗੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿਚ ਆਮ ਮਰੀਜਾਂ ਵਲੋਂ ਵੱਖ-ਵੱਖ ਬਿਮਾਰੀਆਂ ਦੀ ਦਵਾਈ ਲੈਣ ਲਈ ਗਿਣਤੀ (ਓਪੀਡੀ) ਹੋਲੀ-ਹੋਲੀ ਵੱਧ ਰਹੀ ਹੈ ਜੋ ਕਿ ਪਿਛਲੇ ਮਹੀਨੇ ਕਰੀਬ 30 ਤੋਂ 40 ਫੀਸਦ ਸੀ ਅਤੇ ਹੁਣ 50 ਫੀਸਦ ਹੋ ਗਈ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲੇ ਅੰਦਰ ਕਣਕ ਦੀ ਖਰੀਦ ਲਗਭਗ ਸਮਾਪਤ ਹੋ ਚੁੱਕੀ ਹੈ। 98 ਫੀਸਦ ਫਸਲ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ 99 ਫੀਸਦ ਕਣਕ ਦੀ ਖਰੀਦ ਤੇ ਚੁਕਾਈ ਹੋ ਚੁੱਕੀ ਹੈ ਅਤੇ ਸ਼ੀਜਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿਚੋਂ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਗਈ ਹੈ ਅਤੇ 10 ਜੂਨ ਤੋਂ ਜਿਲੇ ਅੰਦਰ ਝੋਨੇ ਦੀ ਲਵਾਈ ਸ਼ੁਰੂ ਹੋ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜਿਲੇ ਅੰਦਰ ਕਰੀਬ 6 ਹਜ਼ਾਰ ਦੇ ਪ੍ਰਵਾਸੀ ਮਜ਼ਦੂਰ ਸਨ ਅਤੇ ਜਿਆਦਤਾਰ ਪਰਵਾਸੀ ਮਜਦੂਰਾਂ ਨੂੰ ਵਿਸ਼ੇਸ ਰੇਲ ਗੱਡੀਆਂ ਰਾਹੀ ਬਿਹਾਰ ਅਤੇ ਉੱਤਰ ਪ੍ਰਦੇਸ਼ ਉਨਾਂ ਦੇ ਪਿੱਤਰੀ ਰਾਜਾਂ ਅਤੇ ਕਈ ਪਰਵਾਸੀ ਮਜਦੂਰਾਂ ਨੂੰ ਗੁਰਦਾਸਪੁਰ ਤੋਂ ਵਿਸ਼ੇਸ ਬੱਸਾਂ ਰਾਹੀ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜਿਲਿਆਂ ਤੋਂ ਵਿਸ਼ੇਸ ਰੇਲ ਗੱਡੀਆਂ ਰਾਹੀਂ ਪੰਜਾਬ ਸਰਕਾਰ ਦੇ ਖਰਚੇ 'ਤੇ ਭੇਜਿਆ ਗਿਆ ਹੈ। ਉਨਾਂ ਦੱਸਿਆ ਕਿ ਸਾਰੇ ਪਰਵਾਸੀ ਮਜਦੂਰਾਂ ਨੂੰ ਗੁਰਦਾਸਪੁਰ ਵਿਖੇ ਰਹਿਣ ਅਤੇ ਖਾਣਪੀਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਪਰਵਾਸੀ ਮਜਦੂਰ ਆਪਣੀ ਮਰਜ਼ੀ ਨਾਲ ਹੀ ਆਪਣੇ ਪਿੱਤਰੀ ਰਾਜਾਂ ਵਿਚ ਵਾਪਸ ਗਏ ਹਨ।

ਇਸ ਮੋਕੇ ਪ੍ਰਮੁੱਖ ਸਕੱਤਰ ਸ੍ਰੀ ਰਤਨਮ ਵਲੋਂ ਜਿਲਾ ਪ੍ਰਸ਼ਾਸਨ ਵਲੋਂ ਕੋਵਿਡ-19 ਸਬੰਧੀ ਕੀਤੇ ਗਏ ਪੁਖਤਾ ਪ੍ਰਬੰਧਾਂ ਅਤੇ ਕਣਕ ਦੀ ਸੁਚਾਰੂ ਖਰੀਦ ਤੇ ਚੁਕਾਈ ਦੇ ਪ੍ਰਬੰਧਾਂ ਲਈ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ। ਉਨਾਂ ਦੱਸਿਆ ਕਿ ਗੁਰਦਾਸਪੁਰ ਜਿਲੇ ਅੰਦਰ ਪਿਛਲੇ ਕਰੀਬ ਇਕ ਮਹੀਨੇ ਵਿਚ 800 ਦੇ ਕਰੀਬ ਲੋਕ ਬਾਹਰੋਂ ਇਥੇ ਆਏ ਸਨ ਅਤੇ ਉਨਾਂ ਵਿਚੋਂ 120 ਦੇ ਕਰੀਬ ਲੋਕ ਕੋਰੋਨਾ ਵਾਇਰਸ ਬਿਮਾਰੀ ਨਾਲ ਪੀੜਤ ਸਨ ਅਤੇ ਹੁਣ ਉਹ ਠੀਕ ਹੋ ਆਪਣੇ ਘਰਾਂ ਪਰਤ ਗਏ ਹਨ। ਉਨਾਂ ਦੱਸਿਆ ਕਿ ਇਸ ਮੌਕੇ ਜਿਲੇ ਅੰਦਰ ਐਕਟਿਵ 11 ਕੋਰੋਨਾ ਬਿਮਾਰੀ ਨਾਲ

ਪੀੜਤ ਮਰੀਜ ਹਨ ਅਤੇ ਉਨਾਂ ਵਿਚ ਕੋਰੋਨਾ ਬਿਮਾਰੀ ਦੇ ਨਿਰਧਾਰਿਤ ਲੱਛਣ ਨਹੀ ਹਨ ਅਤੇ ਉਹ ਤੰਦਰੁਸਤ ਹਨ।

ਸ੍ਰੀ ਰਤਨਮ ਨੇ ਅੱਗੇ ਕਿਹਾ ਕਿ ਜਿਲਾ ਪ੍ਰਸ਼ਾਸ਼ਨ ਵਲੋਂ ਕੋਵਿਡ-19 ਨਾਲ ਨਜਿੱਠਣ ਲਈ ਕਰੀਬ 3500 ਬੈੱਡਾਂ ਦਾ ਪ੍ਰਬੰਧ ਕਰਕੇ ਰੱਖਿਆ ਹੋਇਆ ਅਤੇ ਕਿਸੇ ਵੀ ਸੰਕਟ ਦੀ ਘੜੀ ਦਾ ਸਾਹਮਣਾ ਕਰਨ ਲਈ ਪ੍ਰਸ਼ਾਸ਼ਨ ਤਿਆਰ ਬਰ ਤਿਆਰ ਹੈ, ਜੋ ਤਸੱਲੀ ਵਾਲੀ ਗੱਲ ਹੈ। ਉਨਾਂ ਕਿਹਾ ਕਿ ਹਾਲਾਤ ਹੋਲੀ ਹੋਲੀ ਆਮ ਵਾਂਗ ਹੋਣ ਕਾਰਨ ਹਸਪਤਾਲਾਂ ਵਿਚ ਓਪੀਡੀ ਵੱਧ ਰਹੀ ਹੈ।

ਸ੍ਰੀ ਵੈਂਕਟਰਤਮਨ ਨੇ ਕਿਹਾ ਕਿ ਜਿਲਾ ਪ੍ਰਰਸ਼ਾਸ਼ਨ ਵਲੋਂ ਕੋਵਿੰਡ-19 ਮਹਾਂਮਾਰੀ ਨਾਲ ਲੜਣ ਦੇ ਨਾਲ-ਨਾਲ ਕਣਕ ਦੀ ਖਰੀਦ ਤੇ ਚੁਕਾਈ ਦੇ ਵਧੀਆਂ ਪ੍ਰਬੰਧ ਸਲਾਹੁਣਯੋਗ ਹੈ ਅਤੇ ਪੂਰੇ ਸ਼ੀਜ਼ਨ ਵਿਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਆਏ ਬਿਨਾਂ ਉਨਾਂ ਦੀ ਫਸਲ ਦੀ ਨਿਰਵਿਘਨ ਖਰੀਦ ਕਰਕੇ ਫਸਲ ਦੀ ਅਦਾਇਗੀ ਵੀ ਨਾਲੋ-ਨਾਲ ਕੀਤੀ ਗਈ। ਉਨਾਂ ਦੱਸਿਆ ਕਿ 10 ਜੂਨ ਨੂੰ ਝੋਨੇ ਦੀ ਲਵਾਈ ਸ਼ੁਰੂ ਹੋ ਰਹੀ ਹੈ ਅਤੇ ਉਨਾਂ ਨੂੰ ਆਸ ਹੈ ਕਿ ਬਿਨਾਂ ਕਿਸੇ ਸਮੱਸਿਆ ਦੇ ਝੋਨਾ ਲੱਗ ਜਾਵੇਗਾ।

ਉਨਾਂ ਅੱਗੇ ਕਿਹਾ ਕਿ ਪਰਵਾਸੀ ਮਜਦੂਰਾਂ ਲਈ ਜਿਲਾ ਪ੍ਰਸ਼ਾਸਨ ਵਲੋਂ ਠਹਿਰਣ ਅਤੇ ਖਾਣਪੀਣ ਦੇ ਵਧੀਆਂ ਪ੍ਰਬੰਧ ਕੀਤੇ ਗਏ ਸਨ ਅਤੇ ਉਨਾਂ ਦੇ ਕਹਿਣ ਉੱਪਰ ਹੀ ਪ੍ਰਸ਼ਾਸਨ ਵਲੋਂ ਵਧੀਆਂ ਢੰਗ ਨਾਲ ਉਨਾਂ ਨੂੰ ਉਨਾਂ ਦੇ ਪਿੱਤਰੀ ਰਾਜ ਵਿਚ ਭੇਜਿਆ ਗਿਆ ਅਤੇ ਪਰਵਾਸੀ ਮਜਦੂਰ ਪ੍ਰਸ਼ਾਸਨ ਵਲੋਂ ਕੀਤੇ ਪ੍ਰਬੰਧਾਂ ਤੋਂ ਕਾਫੀ ਖੁਸ਼ ਨਜਰ ਆਏ।

ਆਖਰ ਦੇ ਵਿਚ ਸ੍ਰੀ ਵੈਂਕਟ ਰਤਨਮ ਨੇ ਜ਼ਿਲ•ਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਜੋ ਸਮਾਂ ਚੱਲ ਰਿਹਾ ਹੈ, ਇਹ ਵਧੇਰੇ ਸੁਚੇਤ ਤੇ ਜਾਗਰੂਕ ਹੋਣ ਦਾ ਹੈ। ਉਨਾਂ ਕਿਹਾ ਕਿ ਘਰਾਂ ਵਿਚੋ ਜਰੂਰੀ ਕੰਮ ਲਈ ਬਾਹਰ ਨਿਕਲਣ ਸਮੇਂ ਮਾਸਕ ਜਰੂਰੀ ਤੋਰ 'ਤੇ ਪਹਿਨਿਆ ਜਾਵੇ ਅਤੇ ਸ਼ੋਸਲ ਡਿਸਟੈਂਸ ਮੈਨਟੇਨ ਕਰਕੇ ਰੱਖਿਆ ਜਾਵੇ। ਉਨਾਂ ਕਿਹਾ ਕਿ ਅਗਲੇ ਦਿਨਾਂ ਵਿਚ ਅਸੀਂ ਜਿਨਾਂ ਜ਼ਿਆਦਾ ਸਾਵਧਾਨ ਤੇ ਸੁਚੇਤ ਰਹਾਂਗੇ, ਉਨਾਂ ਹੀ ਅਸੀਂ ਕੋਰੋਨਾ ਬਿਮਾਰੀ ਤੋਂ ਨਿਜਾਤ ਪਾ ਸਕਾਂਗੇ। ਉਨਾਂ ਸਮੂਹ ਅਧਿਕਾਰੀਆਂ ਅਤੇ ਜਿਲਾ ਵਾਸੀਆਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ।

---------------

I/28102/2020

2*ਜਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ।

ਲਾਕਡਾਊਨ ਵਿੱਚ ਵੀ ਜਾਰੀ ਸਰਕਾਰੀ ਹਸਪਤਾਲਾਂ ਵਿੱਚ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ :ਜ਼ਿਲਾ ਟੀਕਾਕਰਨ ਅਫਸਰ ਡਾ.ਮਨਚੰਦਾ

ਗੁਰਦਾਸਪੁਰ, 27 ਮਈ ( ) ਸਿਵਲ ਸਰਜਨ ਡਾ.ਕਿਸ਼ਨ ਚੰਦ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਟੀਕਾਕਰਨ ਅਫਸਰ,ਡਾ.ਮਨਚੰਦਾ ਦੀ ਅਗਵਾਈ ਹੇਠ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਅਤੇ ਸਬ ਸੈਂਟਰ ਪੱਧਰ ਤੇ ਹਰੇਕ ਬੁੱਧਵਾਰ ਨੂੰ ਸਵੇਰੇ 8:00 ਵਜ਼ੇ ਤੋਂ ਬਾਅਦ ਦੁਪਹਿਰ 2 ਵਜ਼ੇ ਤੱਕ ਰੂਟੀਨ ਟੀਕਾਕਰਨ ਕੀਤਾ ਜਾਂਦਾ ਹੈ।ਰੂਟੀਨ ਟੀਕਾਕਰਨ ਵਿੱਚ ਜਿੰਨੇ ਵੀ ਟੀਕੇ ਆਉਂਦੇ ਹਨ।ਬੱਚਿਆਂ ਨੂੰ ਲਗਾਏ ਜਾ ਰਹੇ ਹਨ ਅਤੇ ਗਰਭਵਤੀ ਮਹਿਲਾਵਾਂ ਨੂੰ ਟੈਟਨਸ਼ ਦੇ ਟੀਕੇ ਲਗਾਏ ਜਾ ਰਹੇ ਹਨ।ਇਹ ਟੀਕੇ ਐਲ.ਐਚ.ਵੀ.ਸੁਪਰਵਾਈਜ਼ਰ ਦੀ ਨਿਗਰਾਨੀ ਹੇਠ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਵੱਲੋਂ ਲਗਾਏ ਜਾਂਦੇ ਹਨ। ਜ਼ਿਲ•ਾ ਟੀਕਾਕਰਨ ਅਫਸਰ,ਡਾ ਮਨਚੰਦਾ ਨੇ ਦੱਸਿਆ ਕਿ ਟੀਕਾਕਰਨ ਕਰਨ ਵਾਸਤੇ ਵੈਕਸ਼ੀਨ ਨੂੰ ਠੀਕ ਤਾਪਮਾਨ ਤੇ ਰੱਖਣ ਲਈ ਕੋਲਡ ਚੇਨ ਦਾ ਪ੍ਰੋਬੰਧ ਕੀਤਾ ਗਿਆ ਹੈ।ਕੋਰੋਨਾ ਵਾਇਰਸ ਮਹਾਮਾਰੀ ਕਰਕੇ ਹਰ ਖੇਤਰ ਤੇ ਪ੍ਰਭਾਵ ਪਿਆ ਹੈ ਅਤੇ ਕੰਮ ਕਾਜ ਠੱਪ ਰਹੇ ਹਨ।ਪਰੰਤੂ ਟੀਕਾਕਰਨ ਕਿਸੇ ਵੀ ਹਾਲਾਤ ਵਿੱਚ ਬੰਦ ਨਹੀ ਕੀਤਾ ਗਿਆ।ਇਹ ਜਰੂਰੀ ਸਿਹਤ ਸੇਵਾਵਾਂ ਵਿੱਚ ਆਉਂਦਾ ਹੈ।ਕੋਰੋਨਾ ਵਾਇਰਸ ਕਰਕੇ ਟੀਕਾਕਰਨ ਦੌਰਾਨ ਕੁਝ ਜਰੂਰੀ ਸਾਵਧਾਨੀਆਂ ਦੇ ਖਿਆਲ ਰੱਖਿਆ ਜਾ ਰਿਹਾ ਹੈ। ਜਿਵੇ ਹੱਥਾਂ ਨੂੰ ਵਾਰ ਵਾਰ ਸਾਬਣ ਨਾਲ ਧੋਣਾ,ਇੱਕ ਦੂਸਰੇ ਤੋਂ ਦੂਰੀ ਬਣਾਕੇ ਰੱਖਣਾ,ਮੂੰਹ ਤੇ ਸੂਤੀ ਕੱਪੜੇ ਦਾ ਮਾਸਕ ਪਾਉਣ ਬਾਰੇ ਦੱਸਿਆ ਜਾ ਰਿਹਾ ਹੈ।ਟੀਕਾਕਰਨ ਕਰਨ ਤੋਂ ਬਾਅਦ ਸਿਹਤ ਕੇਂਦਰ ਨੂੰ ਸੈਨੇਟਾਈਜ਼ ਕੀਤਾ ਜਾਂਦਾ ਹੈ ਤਾਂ ਜੋ ਕੋਰੋਨਾ ਮਹਾਮਾਰੀ ਤੋਂ ਬੱਚਿਆ ਜਾ ਸਕੇ।ਇਸ ਮੋਕੇ ਤੇ ਐਲ.ਐਚ.ਵੀ.ਕੰਵਲਜੀਤ ਕੌਰ,ਡਿਪਟੀ ਮਾਸ ਮੀਡੀਆ ਅਫਸਰ ਸ੍ਰੀਮਤੀ ਗੁਰਿੰਦਰ ਕੌਰ,ਸ੍ਰੀ ਅਮਰਜੀਤ ਸਿੰਘ ਦਾਲਮ ਅਤੇ ਪੀ.ਪੀ.ਯੂਨਿਟ ਦਾ ਸਮੂਹ ਸਟਾਫ ਹਾਜਰ ਸੀ।

----------------------

File No.DIPR-DPR1/86/2020-O/o DPRO-GURDASPUR

I/28112/2020

3*ਜ਼ਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ।

ਖਾਣਾ ਬਣਾਉਣ ਅਤੇ ਹੋਮ ਡਿਲਵਰੀ ਸਮੇਂ ਦਸਤਾਨੇ ਅਤੇ ਮਾਸਕ ਪਾਉਣਾ ਜਰੂਰੀ: ਡਾ.ਕਿਸ਼ਨ ਚੰਦ

ਗੁਰਦਾਸਪੁਰ, 27 ਮਈ ( ) ਸਿਵਲ ਸਰਜਨ ਡਾ.ਕਿਸ਼ਨ ਚੰਦ ਨੇ ਕੋਰੋਨਾ ਮਹਾਂਮਾਰੀ ਤੋਂ ਬਚਣ ਲਈ ਦੱਸਿਆ ਕਿ ਹੋਟਲਾਂ, ਢਾਬਿਆਂ,ਤੇ ਖਾਣਾ ਬਣਾਉਣ ਵਾਲੇ ਕਾਰੀਗਰ ਅਤੇ ਹੋਮ ਡਿਲਵਰੀ ਕਰਨ ਵਾਲੇ ਵਰਕਰ ਨੂੰ ਕਿਹਾ ਕਿ ਉਹ ਆਪਣੀ ਸਫਾਈ ਦਾ ਖਾਸ ਧਿਆਨ ਰੱਖਣ।ਮੂੰਹ ਤੇ ਮਾਸਕ, ਹੱਥਾਂ ਤੇ ਦਸਤਾਨੇ ਤੇ ਸਿਰ ਤੇ ਟੋਪੀ ਪਾਈ ਜਾਵੇ। ਖਾਣਾ ਤਿਆਰ ਕਰਨ ਵਾਲੀ ਰਸੋਈ/ਜਗ•ਾ ਨੂੰ ਸਮੇਂ ਸਮੇਂ ਤੇ ਸੈਨੇਟਾਈਜ਼ ਕੀਤਾ ਜਾਵੇ।

ਉਨਾਂ ਅੱਗੇ ਹਾ ਕਿ ਮੱਖੀਆਂ , ਮੱਛਰਾਂ ਅਤੇ ਮਿੱਟੀ ਘੱਟੇ ਤੋਂ ਬਚਾਓ ਲਈ ਵਸਤਾਂ ਨੂੰ ਸਾਫ ਸੁੱਥਰੇ ਕੱਪੜੇ ਨਾਲ ਢੱਕ ਕੇ ਜਾ ਸੀਸ਼ੇ ਦੇ ਕੈਂਬਨ ਵਿੱਚ ਰੱਖਿਆ ਜਾਵੇ।ਸਾਰੇ ਵਰਕਰਾਂ ਦਾ ਮੈਡੀਕਲ ਚੈਕ-ਅੱਪ ਕਰਵਾਇਆ ਜਾਵੇ ਅਤੇ ਰੋਜਾਨਾ ਉਹਨਾਂ ਦੇ ਤਾਪਮਾਨ ਦੀ ਜਾਂਚ ਕੀਤੀ ਜਾਵੇ। ਉਲਘੰਣਾ ਕਰਨ ਵਾਲਿਆ ਦੇ ਖਿਲਾਫ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਸਿਵਲ ਸਰਜਨ ਨੇ ਅੱਗੇ ਜਿਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਘਰਾਂ ਵਿਚ ਰਹਿਣ ਨੂੰ ਤਰਜੀਹ ਅਤੇ ਅਗਰ ਜੇਕਰ ਉਨਾਂ ਨੂੰ ਜਰੂਰੀ ਕੰਮ ਲਈ ਬਾਹਰ ਨਿਕਲਣਾ ਪੈਂਦਾ ਹੈ ਤਾਂ ਉਹ ਮਾਸਕ ਜਰੂਰ ਪਹਿਨਣ ਅਤੇ ਸ਼ੋਸਲ ਡਿਸਟੈਂਸ਼ ਮੈਨਟੇਨ ਕਰਕੇ ਰੱਖਿਆ ਜਾਵੇ। ਉਨਾਂ ਕਿਹਾ ਕਿ ਅਸੀਂ ਜਿਨਾ ਜ਼ਿਆਦਾ ਸੁਚੇਤ ਤੇ ਸਵਾਧਾਨ ਰਹਾਂਗੇ, ਉਨਾਂ ਹੀ ਅਸੀ ਕੋਰੋਨਾ ਬਿਮਾਰੀ ਤੋਂ ਬਚ ਸਕਦੇ ਹਾਂ। ਉਨਾਂ ਲੋਕਾਂ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਲਾਜ਼ਮੀ ਤੋਰ 'ਤੇ ਕਰਨ ਲਈ ਕਿਹਾ।

--------------------

File No.DIPR-DPR1/87/2020-O/o DPRO-GURDASPUR

I/28125/2020

4*ਜਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ।

ਸਰਬੱਤ ਦਾ ਭਲਾ ਟਰੱਸਟ ਵਲੋ ਐਸ.ਐਸ.ਪੀ. ਤੇ ਸਿਵਲ ਸਰਜਨ ਨੂੰ ਲੋੜੀਂਦੀ ਸਮੱਗਰੀ ਭੇਟ

ਡਾ. ਓਬਰਾਏ ਵਲੋ ਸਮਾਜ ਦੇ ਹਿੱਤ ਲਈ ਕੀਤੇ ਜਾ ਰਹੇ ਹਨ ਪੁਰਉਪਕਾਰੀ ਕਾਰਜ : ਐਸ. ਐਸ. ਪੀ. ਸਵਰਨਦੀਪ ਸਿੰਘ

ਗੁਰਦਾਸਪੁਰ, 27 ਮਈ ( ) ਸਰਬੱਤ ਦਾ ਭਲਾ ਚੈਰੀਟੇਬਲ ਟਰਸੱਟ ਦੇ ਮੁੱਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸਖ਼ਸੀਅਤ ਡਾ. ਐਸ. ਪੀ. ਸਿੰਘ ਓਬਰਾਏ ਵਲੋ ਕੋਰੋਨਾ ਮਹਾਂਮਾਰੀ ਦੌਰਾਨ ਸੂਬੇ ਭਰ ਅੰਦਰ ਚਲਾਏ ਜਾ ਰਹੇ ਰਾਹਤ ਕਾਰਜਾਂ ਦੇ ਤਹਿਤ ਸਮੁੱਚੀ ਮਨੁੱਖਤਾ ਨੂੰ ਬਚਾਉਣ ਦੇ ਲਈ ਪੁਲਿਸ ਪ੍ਰਸ਼ਾਸ਼ਨ, ਸਿਵਲ ਪ੍ਰਸ਼ਾਸ਼ਨ ਅਤੇ ਸਿਹਤ ਵਿਭਾਗ ਦੇ ਡਾਕਟਰਾਂ ਅਤੇ ਮੈਡੀਕਲ ਸਟਾਫ਼ ਨੂੰ ਸੁਰਖਿਅਤ ਬਣਾਉਣ ਦੇ ਮਕਸੱਦ ਨਾਲ ਲੋੜੀਦਾ ਸਾਜੋ ਸਮਾਨ ਮਹੁਇਆ ਕਰਵਾਇਆਂ ਜਾ ਰਿਹਾ ਹੈ। ਜਿਸ ਦੇ ਚਲਦਿਆਂ ਸਰਬੱਤ ਦਾ ਭੱਲਾ ਟਰੱਸਟ ਦੇ ਜ਼ਿਲਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਹਰਮਿੰਦਰ ਸਿੰਘ ਬੱਬੂ ਵਲੋ ਜਿਲਾ ਪੁਲਿਸ ਗੁਰਦਾਸਪੁਰ ਦੇ ਐਸ. ਐਸ. ਪੀ. ਸਵਰਨਦੀਪ ਸਿੰਘ ਅਤੇ ਸਿਵਲ ਸਰਜਨ ਦਫ਼ਤਰ ਦੇ ਜ਼ਿਲਾ ਕਰੋਨਾ ਨੋਡਲ ਅਫ਼ਸਰ ਡਾ. ਅਕੁੰਰ ਕੌਸ਼ਲ ਨੂੰ ਇੰਨਫਰਾਰੈਡ ਥਰਮਾਮੀਟਰ, ਸੈਨੀਟਾਇਜ਼ਰ ਅਤੇ ਮੈਡੀਕਲ ਸਪਰੇਅ ਸਮੇਤ ਹੋਰ ਲੋੜੀਦੀ ਸਮਗਰੀ ਭੇਟ ਕੀਤੀ ਗਈ।

ਇਸ ਮੌਕੇ ਐਸ. ਐਸ. ਪੀ. ਸਵਰਨਦੀਪ ਸਿੰਘ ਤੇ ਸਿਵਲ ਸਰਜਨ ਡਾ. ਕਿਸ਼ਨ ਚੰਦ ਨੇ ਟਰੱਸਟ ਦੇ ਮੁੱਖੀ ਡਾ. ਐਸ. ਪੀ. ਸਿੰਘ ਓਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲਾ ਹੀ ਸਮੁੱਚੇ ਸੰਸਾਰ ਅੰਦਰ ਜਾਤ-ਪਾਤ, ਧਰਮਾਂ ਅਤੇ ਦੇਸ਼ਾਂ ਵਿਦੇਸ਼ਾਂ ਦੀਆਂ ਸਰਹੱਦਾਂ ਤੋ ਉਪਰ ਉੱਠ ਕੇ ਡਾ. ਓਬਰਾਏ ਵਲੋ ਇਨਸਾਨੀਅਤ ਦੇ ਭਲੇ ਲਈ ਬਹੁਤ ਹੀ ਨੇਕ ਅਤੇ ਪਰਉਪਕਾਰੀ ਕਾਰਜ ਕੀਤੇ ਜਾ ਰਹੇ ਹਨ, ਜਦਕਿ ਹੁਣ ਕਰੋਨਾ ਮਹਾਂਮਾਰੀ ਦੇ ਸੰਕਟ ਭਰੇ ਸਮੇ ਦੇ ਵਿਚ ਡਾ. ਓਬਰਾਏ ਵਲੋ ਆਪਣੀ ਨੇਕ ਕਮਾਈ ਦਾ ਇਕ ਵੱਡਾ ਹਿੱਸਾ ਮਨੁੱਖਤਾ ਨੂੰ ਬਚਾਉਣ ਦੇ ਉਪਰ ਖਰਚ ਕੀਤਾ ਜਾ ਰਿਹਾ ਹੈ, ਜਿਸ ਦੇ ਚਲਦਿਆਂ ਪ੍ਰਸ਼ਾਸ਼ਨਿਕ ਅਧਿਕਾਰੀਆਂ ਅਤੇ ਡਾਕਟਰੀ ਅਮਲੇ ਨੂੰ ਮੈਡੀਕਲ ਸਹੂਲਤਾਂ ਦੇਣ ਤੋ ਇਲਾਵਾ ਸੂਬੇ ਦੇ ਹਰ ਵਰਗ ਨੂੰ ਰਾਸ਼ਨ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਇਸ ਦੌਰਾਨ ਜ਼ਿਲਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆਂ ਕਿ ਡਾ. ਓਬਰਾਏ ਵਲੋ ਪਹਿਲੇ ਪੜਾਅ ਦੇ ਤਹਿਤ 20 ਕਰੋੜ ਰੁਪਏ ਦਾ ਵਿਸ਼ੇਸ਼ ਬਜਟ ਕਰੋਨਾ ਮਹਾਂਮਾਰੀ ਦੇ ਰਾਹਤ ਕਾਰਜ਼ਾਂ ਵਾਸਤੇ ਰਾਖਵਾਂ ਰਖਿਆਂ ਗਿਆ ਹੈ। ਜਿਸ ਦੇ ਤਹਿਤ ਪੰਜਾਬ, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਗੰਗਾਨਗਰ ਅਤੇ ਮੱਧ ਪ੍ਰੇਦਸ਼ ਸਮੇਤ ਹੋਰ ਵੀ ਸੂਬਿਆਂ ਨੂੰ ਸੁੱਕਾ ਰਾਸ਼ਨ ਅਤੇ ਮੈਡੀਕਲ ਤੌਰ ਤੇ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਨਾਲ ਹੀ ਡਾ. ਓਬਰਾਏ ਵਲੋ ਐਲਾਨ ਕੀਤਾ ਗਿਆ ਹੈ ਕਿ ਰਾਹਤ ਦੇ ਕਾਰਜ਼ ਨਿਰੰਤਰਣ ਜਾਰੀ ਰਹਿਣਗੇ।

I/28155/2020

ਜ਼ਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ।

ਜਿਲੇ ਅੰਦਰ 2810 ਸ਼ੱਕੀ ਮਰੀਜਾਂ ਵਿਚੋਂ 2670 ਮਰੀਜਾਂ ਦੀ ਰਿਪੋਰਟ ਨੈਗਟਿਵ- ਜ਼ਿਲੇ ਵਿਚ 11 ਕੋਰੋਨਾ ਵਾਇਰਸ ਬਿਮਾਰੀ ਨਾਲ ਐਕਟਿਵ ਮਰੀਜ਼

ਗੁਰਦਾਸਪੁਰ, 25 ਮਈ ( ) ਡਾ. ਕਿਸ਼ਨ ਚੰਦ ਸਿਵਲ ਸਰਜਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਕੋਰੋਨਾ ਵਾਇਰਸ ਬਿਮਾਰੀ ਨਾਲ ਪੀੜਤ ਵਿਅਕਤੀ ਦੀ ਰਿਪੋਰਟ ਪੋਜ਼ਟਿਵ ਆਉਣ ਕਾਰਨ ਜਿਲੇ ਅੰਦਰ ਕੁਲ 11 ਐਕਟਿਵ ਕੋਰੋਨਾ ਪੀੜਤ ਮਰੀਜ਼ ਹੋ ਗਏ ਹਨ। ਉਨਾਂ ਦੱਸਿਆ ਕਿ ਇਹ ਪੀੜਤ ਵਿਅਕਤੀ ਪਿੰਡ ਦੋਰਾਂਗਲਾ ਦਾ ਵਸਨੀਕ ਹੈ ਅਤੇ ਬੀਤੇ ਦਿਨੀਂ ਮੁੰਬਈ ਤੋਂ ਆਇਆ ਸੀ।

ਉਨਾਂ ਨੇ ਅੱਗੇ ਦੱਸਿਆ ਕਿ ਜ਼ਿਲੇ ਅੰਦਰ 136 ਕੋਰੋਨਾ ਪੀੜਤਾਂ ਵਿਚੋਂ 03 ਵਿਅਕਤੀਆਂ ਦੀ ਮੋਤ ਹੋ ਚੁੱਕੀ ਹੈ। 122 ਮਰੀਜਾਂ ਠੀਕ ਹੋ ਕੇ ਘਰ ਨੂੰ ਭੇਜੇ ਗਏ ਹਨ (119 ਠੀਕ ਹੋਏ ਹਨ, 03 ਘਰਾਂ ਅੰਦਰ ਏਕਾਂਤਵਾਸ ਕੀਤੇ ਗਏ ਹਨ)। ਜਿਲੇ ਅੰਦਰ 11 ਕੋਰੋਨਾ ਪੀੜਤ ਹਨ। ਉਨਾਂ ਵਿਚ ਕੋਰੋਨਾ ਵਾਇਰਸ ਦੇ ਨਿਰਧਾਰਿਤ ਲੱਛਣ ਨਹੀਂ ਹਨ ਅਤੇ ਉਹ ਤੰਦਰੁਸਤ ਹਨ। ਇਸ ਤਰ•ਾਂ ਹੁਣ 04 ਪੀੜਤ ਧਾਰੀਵਾਲ ਅਤੇ 07 ਪੀੜਤ ਬਟਾਲਾ ਵਿਖੇ ਰੱਖੇ ਗਏ ਹਨ।

ਸਿਵਲ ਸਰਜਨ ਨੇ ਅੱਗੇ ਦੱਸਿਆ ਕਿ ਜੇਲ ਅੰਦਰ ਕੁਲ 2810 ਸ਼ੱਕੀ ਮਰੀਜਾਂ ਵਿਚੋਂ 2670 ਮਰੀਜਾਂ ਦੀ ਰਿਪੋਰਟ ਨੈਗਟਿਵ ਆਈ ਸੀ। ਜਿਸ ਵਿਚ 136 ਕੋਰੋਨਾ ਵਾਇਰਸ ਪੀੜਤ ਅਤੇ 04 ਸੈਂਪਲ ਰਿਜੈਕਟ ਕੀਤੇ ਗਏ ਹਨ।

--------------